# ਅਕਸਰ ਪੁੱਛੇ ਜਾਣ ਵਾਲੇ ਸਵਾਲ

### 1. ਇਸ SAGHA ਖੋਜ-ਅਧਿਐਨ ਦਾ ਉਦੇਸ਼ ਕੀ ਹੈ?

ਆਸਟ੍ਰੇਲੀਆ ਵਿੱਚ, ਡਾਕਟਰੀ ਦਿਸ਼ਾ-ਨਿਰਦੇਸ਼ ਜ਼ਿਆਦਾਤਰ ਉਨ੍ਹਾਂ ਖੋਜ ਅਧਿਐਨਾਂ 'ਤੇ ਆਧਾਰਿਤ ਹਨ ਜਿੰਨ੍ਹਾਂ ਵਿੱਚ ਜ਼ਿਆਦਾਤਰ ਭਾਗੀਦਾਰ ਯੂਰਪੀਅਨ ਵੰਸ਼ ਦੇ ਲੋਕ ਹਨ।

ਇਹ ਦਿਸ਼ਾ-ਨਿਰਦੇਸ਼ ਹਮੇਸ਼ਾਂ ਦੂਜੇ ਵੰਸ਼ ਦੇ ਲੋਕਾਂ ਲਈ ਢੁੱਕਵੇਂ ਨਹੀਂ ਹੁੰਦੇ ਹਨ।

SAGHA ਖੋਜ-ਅਧਿਐਨ ਦਾ ਉਦੇਸ਼ ਸਿਹਤ ਅਤੇ ਜੈਨੇਟਿਕ (ਅਨੁਵੰਸ਼ਕ) ਖੋਜ ਵਿੱਚ ਦੱਖਣੀ ਏਸ਼ਿਆਈ ਸ਼ਮੂਲੀਅਤ ਵਧਾਉਣਾ ਹੈ ਤਾਂ ਜੋ ਅਸੀਂ ਆਸਟ੍ਰੇਲੀਆ ਵਿੱਚ ਰਹਿ ਰਹੇ ਦੱਖਣੀ ਏਸ਼ੀਆਈ ਭਾਈਚਾਰਿਆਂ ਲਈ ਸਿਹਤ-ਸੰਭਾਲ ਵਿੱਚ ਸੁਧਾਰ ਕਰ ਸਕੀਏ।

ਇਹ SAGHA ਛੋਟਾ ਆਰੰਭਿਕ ਖੋਜ-ਅਧਿਐਨ ਦਿਲ ਦੀ ਬਿਮਾਰੀ 'ਤੇ ਕੇਂਦਰਿਤ ਹੈ।

ਦਿਲ ਦੀ ਬਿਮਾਰੀ ਆਸਟ੍ਰੇਲੀਆ ਅਤੇ ਦੁਨੀਆ ਭਰ ਵਿੱਚ ਵਿਚ ਮੌਤ ਦਾ ਸਭ ਤੋਂ ਵੱਡਾ ਕਾਰਨ ਹੈ।

ਜੇਕਰ ਤੁਸੀਂ ਦੱਖਣੀ ਏਸ਼ੀਆਈ ਹੋ, ਤਾਂ ਤੁਹਾਡੇ ਦੁਆਰਾ ਜੀਵਨਸ਼ੈਲੀ ਦੇ ਕਾਰਕਾਂ 'ਤੇ ਵਿਚਾਰ ਕਰਨ ਤੋਂ ਬਾਅਦ ਵੀ, ਯੂਰਪੀਅਨ ਵੰਸ਼ ਦੇ ਕਿਸੇ ਵਿਅਕਤੀ ਦੇ ਮੁਕਾਬਲੇ ਤੁਹਾਨੂੰ ਦਿਲ ਦੀ ਬਿਮਾਰੀ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

ਅਸੀਂ ਡੇਟਾ ਦੀ ਘਾਟ ਕਾਰਨ ਪੂਰੀ ਤਰ੍ਹਾਂ ਨਹੀਂ ਸਮਝਦੇ ਹਾਂ ਕਿ ਅਜਿਹਾ ਕਿਉਂ ਹੈ।

ਦੱਖਣੀ ਏਸ਼ਿਆਈ ਲੋਕ ਅਨੁਵੰਸ਼ਕ ਖੋਜ-ਅਧਿਐਨ ਭਾਗੀਦਾਰਾਂ ਵਿੱਚ ਲਗਭਗ 2% ਤੋਂ ਵੀ ਘੱਟ ਹਨ।

ਇਸ ਛੋਟੇ ਆਰੰਭਿਕ ਖੋਜ-ਅਧਿਐਨ ਲਈ, ਅਸੀਂ ਕੁਈਨਜ਼ਲੈਂਡ ਵਿੱਚ ਰਹਿਣ ਵਾਲੇ 200 ਦੱਖਣੀ ਏਸ਼ੀਆਈ ਲੋਕਾਂ ਵਿੱਚ ਜੈਨੇਟਿਕ ਜ਼ੋਖਮ ਸਮੇਤ, ਦਿਲ ਦੀ ਬਿਮਾਰੀ ਹੋਣ ਦੇ ਜ਼ੋਖਮ ਦਾ ਮੁਲਾਂਕਣ ਕਰਾਂਗੇ।

### 2. ਇਸ ਖੋਜ-ਅਧਿਐਨ ਦਾ ਸੰਚਾਲਨ ਕੌਣ ਕਰ ਰਿਹਾ ਹੈ ਅਤੇ ਇਸਨੂੰ ਮਾਲੀ-ਸਹਾਇਤਾ ਕਿਵੇਂ ਦਿੱਤੀ ਜਾ ਰਹੀ ਹੈ?

ਇਸ ਖੋਜ-ਅਧਿਐਨ ਦੀ ਅਗਵਾਈ ਕੁਈਨਜ਼ਲੈਂਡ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕੀਤੀ ਗਈ ਹੈ, ਜਿਸ ਦੀ ਅਗਵਾਈ ਡਾ: ਸੋਨੀਆ ਸ਼ਾਹ ਵੱਲੋਂ ਕੀਤੀ ਜਾ ਰਹੀ ਹੈ ਅਤੇ ਖੋਜਕਰਤਾਵਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਇੱਕ ਟੀਮ ਦੁਆਰਾ ਸਹਾਇਤਾ ਕੀਤੀ ਜਾ ਰਹੀ ਹੈ।

ਇਸ ਖੋਜ-ਅਧਿਐਨ ਨੂੰ ਆਸਟ੍ਰੇਲੀਆਈ ਸਰਕਾਰ ਦੇ ਮੈਡੀਕਲ ਰਿਸਰਚ ਫਿਊਚਰ ਫ਼ੰਡ (Medical Research Future Fund), ਜੀਨੋਮਿਕਸ ਹੈਲਥ ਫਿਊਚਰਜ਼ ਮਿਸ਼ਨ (Genomics Health Futures Mission) ਦੁਆਰਾ ਮਾਲੀ ਸਹਾਇਤਾ ਦਿੱਤੀ ਗਈ ਹੈ, ਅਤੇ ਇਸਨੂੰ ਕੁਈਨਜ਼ਲੈਂਡ ਯੂਨੀਵਰਸਿਟੀ ਦੀ ਮਨੁੱਖੀ ਖੋਜ ਨੈਤਿਕਤਾ ਕਮੇਟੀ (Human Research Ethics Committee) ਦੁਆਰਾ ਮੰਨਜ਼ੂਰੀ ਦਿੱਤੀ ਗਈ ਹੈ।

ਇਹ ਨੈਤਿਕਤਾ ਮੰਨਜ਼ੂਰੀ ਇਹ ਯਕੀਨੀ ਬਣਾਉਂਦੀ ਹੈ ਕਿ ਇਹ ਖੋਜ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਖੋਜ ਅਧਿਐਨ ਭਾਗੀਦਾਰਾਂ ਦੇ ਮਾਣ-ਸਨਮਾਨ, ਅਧਿਕਾਰਾਂ ਅਤੇ ਭਲਾਈ ਦੀ ਸੁਰੱਖਿਆ ਕਰਦਾ ਹੈ, ਜਿਵੇਂ ਕਿ ਮਨੁੱਖੀ ਖੋਜ ਦੇ ਨੈਤਿਕ ਆਚਰਣ ਲਈ ਆਸਟ੍ਰੇਲੀਅਨ ਪ੍ਰਾਈਵੇਸੀ ਸਿਧਾਂਤਾਂ (Australian Privacy Principles) (2014), ਅਤੇ ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ (National Health and Medical Research Council, NHMRC) ਵਿਚਲੇ ਦਿਸ਼ਾ-ਨਿਰਦੇਸ਼ਾਂ (2007 – 2018 ਵਿੱਚ ਨਵਿਆਏ ਗਏ ਹਨ) ਵਿੱਚ ਦੱਸਿਆ ਗਿਆ ਹੈ।

### 3. ਇਸ ਖੋਜ-ਅਧਿਐਨ ਵਿੱਚ ਕੌਣ ਭਾਗ ਲੈ ਸਕਦਾ ਹੈ?

ਉਹ ਲੋਕ ਭਾਗ ਲੈ ਸਕਦੇ ਹਨ ਜੇਕਰ ਉਹ:

18 ਸਾਲ ਤੋਂ ਵੱਧ ਉਮਰ ਦੇ ਹਨ ਅਤੇ

ਦੱਖਣੀ ਏਸ਼ੀਆਈ ਵੰਸ਼ ਤੋਂ ਹਨ, ਜੋ ਕਿ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ/ਜਾਂ ਸ੍ਰੀਲੰਕਾ ਵਿੱਚ ਪੂਰਵਜ ਹੋਣ ਦੇ ਤੌਰ 'ਤੇ ਪਰਿਭਾਸ਼ਿਤ ਕੀਤੇ ਜਾਂਦੇ ਹਨ ਅਤੇ

ਕੁਈਨਜ਼ਲੈਂਡ ਵਿੱਚ ਰਹਿਣ ਵਾਲੇ ਆਸਟ੍ਰੇਲੀਆਈ ਨਾਗਰਿਕ ਜਾਂ ਸਥਾਈ ਨਿਵਾਸੀ ਹਨ ਅਤੇ

ਉਹਨਾਂ ਕੋਲ ਵੈਧ ਮੈਡੀਕੇਅਰ (Medicare) ਕਾਰਡ ਹੈ।

**4. ਇਸ ਵਿੱਚ ਕੀ ਸ਼ਾਮਲ ਹੈ ਅਤੇ ਭਾਗ ਲੈਣ ਲਈ ਸਮੇਂ ਦੀਆਂ ਵਚਨਬੱਧਤਾਵਾਂ ਕੀ ਹਨ?**

ਰਜਿਸਟ੍ਰੇਸ਼ਨ ਕਰਨਾ (2 ਮਿੰਟ ਲੱਗਦੇ ਹਨ)






ਭਾਗੀਦਾਰ ਜਾਣਕਾਰੀ ਸ਼ੀਟ ਪੜ੍ਹਨਾ (10 ਮਿੰਟ ਲੱਗਦੇ ਹਨ)

ਸਹਿਮਤੀ ਪ੍ਰਦਾਨ ਕਰਨਾ (2 ਮਿੰਟ ਲੱਗਦੇ ਹਨ)



ਔਨਲਾਈਨ ਸਿਹਤ ਸਰਵੇਖਣ ਪੂਰਾ ਕਰਨਾ (30 ਮਿੰਟ ਲੱਗਦੇ ਹਨ)




ਖ਼ੂਨ ਦਾ ਨਮੂਨਾ ਪ੍ਰਦਾਨ ਕਰਨਾ (ਆਉਣ-ਜਾਣ ਦੇ ਅਤੇ ਉਡੀਕ ਸਮੇਂ ਨੂੰ ਛੱਡ ਕੇ 5 ਮਿੰਟ ਲੱਗਦੇ ਹਨ)



ਦਿਲ ਦੀ ਬਿਮਾਰੀ ਦੇ ਜ਼ੋਖਮ ਬਾਰੇ ਆਪਣੇ ਨਤੀਜੇ ਪ੍ਰਾਪਤ ਕਰੋ (ਵਿਕਲਪਿਕ)



**5. ਕੀ ਇਸ ਖੋਜ-ਅਧਿਐਨ ਲਈ ਮੇਰਾ ਰਜਿਸਟ੍ਰੇਸ਼ਨ ਕਰਵਾਉਣਾ ਭਾਗੀਦਾਰੀ ਦੀ ਗਾਰੰਟੀ ਦਿੰਦਾ ਹੈ?**

ਨਹੀਂ। ਬਦਕਿਸਮਤੀ ਨਾਲ ਅਸੀਂ ਹਰ ਉਸ ਵਿਅਕਤੀ ਨੂੰ ਸਵੀਕਾਰ ਕਰਨ ਦੇ ਯੋਗ ਨਹੀਂ ਹੋਵਾਂਗੇ ਜੋ ਇਸ ਵਿੱਚ ਭਾਗ ਲੈਣ ਲਈ ਆਪਣੀ ਦਿਲਚਸਪੀ ਰਜਿਸਟਰ ਕਰਦਾ ਹੈ ਕਿਉਂਕਿ ਇਹ ਇੱਕ ਛੋਟਾ ਆਰੰਭਿਕ ਖੋਜ-ਅਧਿਐਨ ਹੈ ਅਤੇ ਅਸੀਂ ਸਿਰਫ਼ 200 ਵਿਅਕਤੀਆਂ ਦੀ ਭਰਤੀ ਕਰ ਰਹੇ ਹਾਂ।

ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਬਹੁਤ ਸਾਰੇ ਵੱਖ-ਵੱਖ ਦੱਖਣੀ ਏਸ਼ੀਆਈ ਭਾਈਚਾਰਿਆਂ ਦੀ ਨੁਮਾਇੰਦਗੀ ਹੋਵੇ।

ਜੇਕਰ ਸਾਨੂੰ ਇਸ ਖੋਜ-ਅਧਿਐਨ ਲਈ ਵਾਧੂ ਮਾਲੀ-ਸਹਾਇਤਾ ਮਿਲਦੀ ਹੈ, ਤਾਂ ਅਸੀਂ ਹੋਰ ਭਾਗੀਦਾਰਾਂ ਨੂੰ ਸਵੀਕਾਰ ਕਰਨ ਦੇ ਯੋਗ ਹੋ ਸਕਦੇ ਹਾਂ ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।

**6. ਕੀ ਇਸ ਖੋਜ-ਅਧਿਐਨ ਵਿੱਚ ਭਾਗ ਲੈਣ ਲਈ ਕੋਈ ਵਿੱਤੀ ਖ਼ਰਚਾ ਆਉਂਦਾ ਹੈ?**

ਇਸ ਖੋਜ-ਅਧਿਐਨ ਵਿੱਚ ਭਾਗ ਲੈਣ ਲਈ ਕੋਈ ਵਿੱਤੀ ਖ਼ਰਚਾ ਨਹੀਂ ਆਉਂਦਾ ਹੈ।

**7. ਕੀ ਮੈਨੂੰ ਇਸ ਖੋਜ ਅਧਿਐਨ ਵਿੱਚ ਭਾਗ ਲੈਣ ਲਈ ਭੁਗਤਾਨ ਕੀਤਾ ਜਾਵੇਗਾ?**

ਇੱਕ ਵਾਰ ਜਦੋਂ ਅਸੀਂ ਤੁਹਾਡਾ ਪੂਰਾ ਕੀਤਾ ਹੋਇਆ ਸਰਵੇਖਣ ਅਤੇ ਖ਼ੂਨ ਦਾ ਨਮੂਨਾ ਪ੍ਰਾਪਤ ਕਰ ਲੈਂਦੇ ਹਾਂ ਤਾਂ ਅਸੀਂ ਤੁਹਾਨੂੰ ਧੰਨਵਾਦ ਕਹਿਣ ਲਈ $50 ਦਾ ਈ-ਗਿਫ਼ਟ ਕਾਰਡ ਭੇਜਾਂਗੇ।

ਤੁਸੀਂ SAGHA ਖੋਜ ਟੀਮ ਦੁਆਰਾ ਕੀਤੀ ਜਾ ਰਹੀ ਖੋਜ ਨੂੰ ਸਮਰਥਨ ਦੇਣ ਲਈ ਇਸ ਰਕਮ ਨੂੰ ਵਾਪਸ ਦਾਨ ਕਰਨ ਦੀ ਚੋਣ ਵੀ ਕਰ ਸਕਦੇ ਹੋ।

### 8. ਮੇਰੇ ਖ਼ੂਨ ਦੇ ਨਮੂਨੇ ਅਤੇ ਡੇਟਾ ਦੀ ਵਰਤੋਂ ਕਿਸ ਲਈ ਕੀਤੀ ਜਾਵੇਗੀ?

ਖ਼ੂਨ ਦੇ ਨਮੂਨਿਆਂ ਦੀ ਵਰਤੋਂ ਤੁਹਾਡੇ ਖ਼ੂਨ ਵਿੱਚ ਗਲੂਕੋਜ਼, ਕੋਲੇਸਟ੍ਰੋਲ, ਅਤੇ ਅਜਿਹੀਆਂ ਹੋਰ ਮਿਕਦਾਰਾਂ (ਜਿੰਨ੍ਹਾਂ ਨੂੰ ਬਲੱਡ ਬਾਇਓਮਾਰਕਰ ਕਿਹਾ ਜਾਂਦਾ ਹੈ) ਨੂੰ ਮਾਪਣ ਲਈ ਕੀਤਾ ਜਾਵੇਗਾ ਜੋ ਦਿਲ ਦੀ ਬਿਮਾਰੀ ਦੇ ਜ਼ੋਖਮ ਲਈ ਮਹੱਤਵਪੂਰਨ ਹੁੰਦੇ ਹਨ।

ਖ਼ੂਨ ਦੇ ਨਮੂਨਿਆਂ ਦੀ ਵਰਤੋਂ ਜੈਨੇਟਿਕ ਡੇਟਾ ਬਣਾਉਣ ਲਈ ਵੀ ਕੀਤੀ ਜਾਵੇਗੀ।

ਇਸ ਸਰਵੇਖਣ, ਖ਼ੂਨ ਦੇ ਬਾਇਓਮਾਰਕਰ ਅਤੇ ਜੈਨੇਟਿਕ ਡੇਟਾ ਤੋਂ ਮਿਲੀ ਜਾਣਕਾਰੀ ਦੀ ਵਰਤੋਂ ਤੁਹਾਡੇ ਦਿਲ ਦੀ ਬਿਮਾਰੀ ਦੇ ਜ਼ੋਖਮ ਨੂੰ ਸਮਝਣ ਲਈ ਕੀਤੀ ਜਾਵੇਗੀ।

ਇਸਦੀ ਵਰਤੋਂ ਹੋਰ ਮੌਜੂਦਾ ਸਿਹਤ ਸਮੱਸਿਆਵਾਂ ਜਾਂ ਭਵਿੱਖ ਦੀਆਂ ਸਿਹਤ ਸਮੱਸਿਆਵਾਂ ਦੇ ਜ਼ੋਖਮ ਨੂੰ ਵੇਖਣ ਲਈ ਨਹੀਂ ਕੀਤੀ ਜਾਵੇਗੀ।

ਜੇ ਤੁਸੀਂ ਚਾਹੋ ਤਾਂ ਤੁਸੀਂ ਆਪਣੇ ਦਿਲ ਦੀ ਬਿਮਾਰੀ ਹੋਣ ਦੇ ਜ਼ੋਖਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ।

### 9. ਮੇਰੇ ਡੇਟਾ ਅਤੇ ਖ਼ੂਨ ਦੇ ਨਮੂਨੇ ਦਾ ਕੀ ਹੋਵੇਗਾ?

ਇਸ ਖੋਜ-ਅਧਿਐਨ ਲਈ ਜ਼ਰੂਰੀ ਡੇਟਾ ਅਤੇ ਜੈਵਿਕ ਨਮੂਨੇ ਹੀ ਇਕੱਠੇ ਕੀਤੇ ਜਾਣਗੇ।

ਪਾਸਵਰਡ-ਸੁਰੱਖਿਅਤ ਪਹੁੰਚ, ਡੇਟਾ ਇਨਕ੍ਰਿਪਸ਼ਨ ਅਤੇ ਮਲਟੀ-ਫੈਕਟਰ ਪ੍ਰਮਾਣਿਕਤਾ ਸਮੇਤ ਢੁੱਕਵੇਂ ਡੇਟਾ ਸੁਰੱਖਿਆ ਉਪਾਵਾਂ ਦੇ ਲਾਗੂ ਹੋਣ ਦੇ ਨਾਲ-ਨਾਲ, ਸਾਰੇ ਡੇਟਾ ਨੂੰ UQ ਸਕਿਊਰਿਟੀ ਫਾਇਰਵਾਲ ਦੇ ਪਿੱਛੇ ਸੁਰੱਖਿਅਤ ਸਰਵਰਾਂ 'ਤੇ ਸੰਭਾਲਿਆ ਜਾਵੇਗਾ।

ਜੈਵਿਕ ਨਮੂਨੇ (ਉਦਾਹਰਨ ਲਈ, ਖ਼ੂਨ ਦੇ ਨਮੂਨੇ) ਕੁਈਨਜ਼ਲੈਂਡ ਯੂਨੀਵਰਸਿਟੀ ਵਿੱਚ ਇੱਕ ਸੁਰੱਖਿਅਤ, ਪਾਬੰਦੀਸ਼ੁਦਾ-ਪਹੁੰਚ ਵਾਲੇ ਸਥਾਨ ਵਿੱਚ ਸੰਭਾਲੇ ਜਾਣਗੇ।

### 10. ਕੀ ਮੇਰੇ ਵੇਰਵੇ ਗੁਪਤ ਰੱਖੇ ਜਾਣਗੇ?

ਹਾਂ।

ਤੁਹਾਡੀ ਜਾਣਕਾਰੀ ਨੂੰ ਨਿੱਜੀ ਅਤੇ ਗੁਪਤ ਰੱਖਣ ਲਈ ਸਭ ਤੋਂ ਵਧੀਆ ਨੈਤਿਕ ਅਤੇ ਕਾਨੂੰਨੀ ਤਰੀਕਿਆਂ ਦਾ ਪਾਲਣ ਕੀਤਾ ਜਾਵੇਗਾ।

ਸੰਭਾਲੇ ਜਾਣ ਤੋਂ ਪਹਿਲਾਂ ਤੁਹਾਡੇ ਨਮੂਨਿਆਂ ਨੂੰ ਇੱਕ ਵਿਲੱਖਣ ID ਨੰਬਰ (ਤੁਹਾਡੇ ਨਾਮ ਨਾਲ ਨਹੀਂ) ਨਾਲ ਲੇਬਲ ਕੀਤਾ ਜਾਵੇਗਾ।

ਤੁਹਾਡਾ ਜੈਨੇਟਿਕ ਡੇਟਾ ਇਸ ਵਿਲੱਖਣ ID ਨਾਲ ਲਿੰਕ ਕੀਤਾ ਜਾਵੇਗਾ ਅਤੇ ਤੁਹਾਡੇ ਨਿੱਜੀ ਵੇਰਵਿਆਂ (ਜਿਵੇਂ ਕਿ ਨਾਮ ਅਤੇ ਸੰਪਰਕ ਵੇਰਵੇ) ਤੋਂ ਸੁਰੱਖਿਅਤ ਅਤੇ ਵੱਖਰੇ ਤੌਰ 'ਤੇ ਸੰਭਾਲਿਆ ਜਾਵੇਗਾ।

SAGHA ਖੋਜ-ਅਧਿਐਨ ਬਾਰੇ ਕਿਸੇ ਵੀ ਰਿਪੋਰਟ ਜਾਂ ਪ੍ਰਕਾਸ਼ਨ ਵਿੱਚ ਤੁਹਾਡੀ ਨਿੱਜੀ ਤੌਰ 'ਤੇ ਪਛਾਣ ਨਹੀਂ ਕੀਤੀ ਜਾਵੇਗੀ।

### 11. ਜੇਕਰ ਮੈਨੂੰ ਅੰਗਰੇਜ਼ੀ ਭਾਸ਼ਾ ਵਿੱਚ ਮੱਦਦ ਦੀ ਲੋੜ ਹੈ ਤਾਂ ਕੀ ਮੈਂ ਅਜੇ ਵੀ ਇਸ ਵਿੱਚ ਭਾਗ ਲੈ ਸਕਦਾ ਹਾਂ?

ਸਾਡੇ ਸਹਿਮਤੀ ਫਾਰਮ ਅਤੇ ਔਨਲਾਈਨ ਪ੍ਰਸ਼ਨਾਵਲੀ ਨੂੰ ਅੰਗਰੇਜ਼ੀ ਵਿੱਚ ਭਰਨ ਦੀ ਲੋੜ ਹੋਵੇਗੀ।

ਜੇ ਲੋੜ ਹੋਵੇ, ਤਾਂ ਤੁਸੀਂ ਪਰਿਵਾਰ ਦੇ ਕਿਸੇ ਮੈਂਬਰ ਤੋਂ ਮੱਦਦ ਲੈ ਸਕਦੇ ਹੋ।

ਜੇਕਰ ਇਹ ਸੰਭਵ ਨਹੀਂ ਹੈ, ਤਾਂ ਕਿਰਪਾ ਕਰਕੇ sagha@uq.edu.au 'ਤੇ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਹਿੱਸਾ ਲੈਣ ਵਿੱਚ ਤੁਹਾਡੀ ਮੱਦਦ ਕਰਨ ਲਈ ਅਨੁਵਾਦਕ ਦਾ (ਤੁਹਾਡੇ ਲਈ ਬਿਨਾਂ ਕਿਸੇ ਕੀਮਤ ਦੇ) ਪ੍ਰਬੰਧ ਕਰਨ ਦੇ ਯੋਗ ਹੋ ਸਕਦੇ ਹਾਂ।

### 12. ਇਸ ਖੋਜ-ਅਧਿਐਨ ਵਿੱਚ ਭਾਗ ਲੈਣ ਲਈ ਮੇਰੇ ਸਥਾਈ ਨਿਵਾਸੀ ਜਾਂ ਆਸਟ੍ਰੇਲੀਆਈ ਨਾਗਰਿਕ ਹੋਣ ਦੀ ਲੋੜ ਕਿਉਂ ਹੈ?

ਜੇਕਰ ਤੁਹਾਨੂੰ ਦਿਲ ਦੀ ਬਿਮਾਰੀ ਹੋਣ ਦੇ ਉੱਚ ਜ਼ੋਖਮ ਵਿੱਚ ਪਾਇਆ ਜਾਂਦਾ ਹੈ, ਤਾਂ ਅਸੀਂ ਇਸ ਜ਼ੋਖਮ ਦੀ ਪੁਸ਼ਟੀ ਕਰਨ ਅਤੇ ਪ੍ਰਬੰਧਨ ਕਰਨ ਲਈ ਤੁਹਾਨੂੰ ਆਪਣੇ ਡਾਕਟਰ ਨਾਲ ਇਸ ਬਾਰੇ ਅੱਗੇ ਕਾਰਵਾਈ ਕਰਨ ਦੀ ਪੁਰਜ਼ੋਰ ਸਿਫਾਰਸ਼ ਕਰਦੇ ਹਾਂ।

ਕਿਉਂਕਿ ਇਹ ਇੱਕ ਖੋਜ-ਅਧਿਐਨ ਹੈ, ਇਸ ਤੋਂ ਪਹਿਲਾਂ ਕਿ ਤੁਸੀਂ ਕੋਈ ਹੋਰ ਸਿਹਤ-ਸੰਭਾਲ ਪ੍ਰਾਪਤ ਕਰ ਸਕੋ, ਸਾਰੀਆਂ ਖੋਜਾਂ ਦੀ ਆਸਟ੍ਰੇਲੀਆਈ ਸਿਹਤ-ਸੰਭਾਲ ਪ੍ਰਣਾਲੀ ਵਿੱਚ ਪੁਸ਼ਟੀ ਕਰਨ ਦੀ ਲੋੜ ਹੋਵੇਗੀ।

ਇੱਕ ਸਥਾਈ ਨਿਵਾਸੀ ਮੈਡੀਕੇਅਰ ਲਈ ਯੋਗ ਹੁੰਦਾ ਹੈ।

ਆਸਟ੍ਰੇਲੀਆ ਵਿੱਚ ਮੈਡੀਕੇਅਰ ਤੋਂ ਬਗ਼ੈਰ, ਅਗਲੀ ਡਾਕਟਰੀ ਕਾਰਵਾਈ ਲਈ ਉੱਚ ਵਿੱਤੀ ਲਾਗਤ ਹੋ ਸਕਦੀ ਹੈ।

**13. ਮੈਂ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ/ਦੀ ਹਾਂ ਪਰ ਫਿਰ ਵੀ ਭਾਗ ਲੈਣਾ ਚਾਹੁੰਦਾ/ਦੀ ਹਾਂ। ਮੈਂ ਕਿਵੇਂ ਸ਼ਾਮਲ ਹੋ ਸਕਦਾ/ਦੀ ਹਾਂ?**

ਸਾਡੇ SAGHA ਖੋਜ-ਅਧਿਐਨ ਵਿੱਚ ਸ਼ਾਮਲ ਹੋਣ ਦੇ ਅਜੇ ਵੀ ਬਹੁਤ ਸਾਰੇ ਤਰੀਕੇ ਹਨ।

ਕਿਰਪਾ ਕਰਕੇ ਸਾਡੀ ਵੈੱਬਸਾਈਟ https://saghaus.org/get-involved/ 'ਤੇ ਜਾਓ

**14. ਕੀ ਇੱਕੋ ਪਰਿਵਾਰ ਦੇ ਕਈ ਲੋਕ ਭਾਗ ਲੈ ਸਕਦੇ ਹਨ?**

ਹਾਂ, ਜੇਕਰ ਉਹ ਪ੍ਰਸ਼ਨ 3 ਵਿੱਚ ਸੂਚੀਬੱਧ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

**15. ਕੀ ਮੈਂ ਇਸ ਖੋਜ-ਅਧਿਐਨ ਵਿੱਚ ਹਿੱਸਾ ਲੈ ਕੇ ਆਪਣੇ ਰਿਸ਼ਤੇਦਾਰਾਂ ਬਾਰੇ ਪਤਾ ਲਗਾ ਸਕਦਾ ਹਾਂ?**

ਨਹੀਂ। ਇਸ ਖੋਜ-ਅਧਿਐਨ ਵਿੱਚ ਪਿਤਰਤਾ, ਜਾਂ ਸਮਗੋਤਰਤਾ (ਖ਼ੂਨ ਦੇ ਰਿਸ਼ਤਿਆਂ) ਸੰਬੰਧੀ ਜਾਣਕਾਰੀ ਨਹੀਂ ਮਿਲੇਗੀ।

**16. ਕੀ ਇਸ ਵਿੱਚ ਭਾਗ ਲੈਣ ਲਈ ਮੇਰਾ ਸਿਹਤਮੰਦ ਹੋਣਾ ਜ਼ਰੂਰੀ ਹੈ?**

ਇਸ ਵਿੱਚ ਸਿਹਤ ਸਮੱਸਿਆਵਾਂ ਵਾਲਾ ਕੋਈ ਵੀ ਵਿਅਕਤੀ ਭਾਗ ਲੈ ਸਕਦਾ ਹੈ, ਜਿਸ ਵਿੱਚ ਤੁਹਾਨੂੰ ਪਹਿਲਾਂ ਤੋਂ ਹੀ ਦਿਲ ਦੀ ਬਿਮਾਰੀ ਦਾ ਹੋਣਾ ਵੀ ਸ਼ਾਮਿਲ ਹੈ।

**17. ਜੇਕਰ ਮੈਂ ਪਹਿਲਾਂ ਜੈਨੇਟਿਕ ਟੈਸਟਿੰਗ ਕਰਵਾ ਲਿਆ ਹੈ ਤਾਂ ਕੀ ਮੈਂ ਅਜੇ ਵੀ ਇਸ ਵਿੱਚ ਭਾਗ ਲੈ ਸਕਦਾ/ਦੀ ਹਾਂ?**

ਹਾਂ।

ਤੁਹਾਡੇ ਜੈਨੇਟਿਕ ਟੈਸਟ ਦੇ ਨਤੀਜਿਆਂ ਦੇ ਬਾਵਜੂਦ, ਤੁਸੀਂ ਅਜੇ ਵੀ ਇਸ ਖੋਜ-ਅਧਿਐਨ ਵਿੱਚ ਹਿੱਸਾ ਲੈ ਸਕਦੇ ਹੋ।

ਆਸਟ੍ਰੇਲੀਆਈ ਦੱਖਣੀ ਏਸ਼ੀਆਈ ਲੋਕਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਬਿਹਤਰ ਸਿਹਤ-ਸੰਭਾਲ ਦੇ ਸਾਡੇ ਟੀਚੇ ਦੀ ਮੱਦਦ ਕਰਨ ਲਈ ਤੁਹਾਡਾ ਡੇਟਾ ਕੀਮਤੀ ਹੈ।

**18. ਜੇਕਰ ਮੈਂ ਆਪਣੇ ਦਿਲ ਦੀ ਬਿਮਾਰੀ ਹੋਣ ਦੇ ਜ਼ੋਖਮ ਨੂੰ ਜਾਣਨਾ ਨਹੀਂ ਚਾਹੁੰਦਾ/ਦੀ ਤਾਂ ਕੀ ਮੈਂ ਅਜੇ ਵੀ ਹਿੱਸਾ ਲੈ ਸਕਦਾ/ਦੀ ਹਾਂ?**

ਹਾਂ।

ਜੇਕਰ ਤੁਸੀਂ ਆਪਣੀ ਸਿਹਤ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਤਾਂ ਇਹ ਪੂਰੀ ਤਰ੍ਹਾਂ ਤੁਹਾਡੇ 'ਤੇ ਨਿਰਭਰ ਕਰਦਾ ਹੈ।

ਤੁਸੀਂ ਇਸ ਖੋਜ ਵਿੱਚ ਹਿੱਸਾ ਲੈ ਸਕਦੇ ਹੋ ਪਰ ਟੈਸਟ ਦੇ ਨਤੀਜੇ ਨਾ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ।

ਭਾਵੇਂ ਤੁਸੀਂ ਆਪਣੇ ਬਿਮਾਰੀ ਹੋਣ ਦੇ ਜ਼ੋਖਮ ਨੂੰ ਪ੍ਰਾਪਤ ਕਰਨਾ ਚੁਣਦੇ ਹੋ ਜਾਂ ਨਹੀਂ, ਤੁਹਾਡਾ ਡੇਟਾ ਅਜੇ ਵੀ ਕੀਮਤੀ ਹੋਵੇਗਾ ਅਤੇ ਆਸਟ੍ਰੇਲੀਅਨ ਦੱਖਣੀ ਏਸ਼ੀਆਈ ਲੋਕਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਬਿਹਤਰ ਸਿਹਤ-ਸੰਭਾਲ ਦੇ ਸਾਡੇ ਟੀਚੇ ਵਿੱਚ ਮੱਦਦ ਕਰੇਗਾ।

**19. ਜੇਕਰ ਮੈਂ ਆਪਣੇ ਜੈਨੇਟਿਕ ਜ਼ੋਖਮ ਬਾਰੇ ਜਾਣਨਾ ਨਹੀਂ ਚਾਹੁੰਦਾ/ਦੀ ਤਾਂ ਕੀ ਮੈਂ ਅਜੇ ਵੀ ਹਿੱਸਾ ਲੈ ਸਕਦਾ/ਦੀ ਹਾਂ?**

ਹਾਂ।

ਤੁਸੀਂ ਜੈਨੇਟਿਕ ਜ਼ੋਖਮ ਬਾਰੇ ਨਤੀਜੇ ਪ੍ਰਾਪਤ ਕਰਨ ਦੀ ਬਜਾਏ ਰਵਾਇਤੀ (ਗ਼ੈਰ-ਜੈਨੇਟਿਕ) ਕਾਰਕਾਂ ਤੋਂ ਦਿਲ ਦੀ ਬਿਮਾਰੀ ਹੋਣ ਦੇ ਜ਼ੋਖਮ ਦਾ ਅੰਦਾਜ਼ਾ ਲਗਾਉਣ ਵਾਲੇ ਨਤੀਜੇ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ।

ਤੁਸੀਂ ਆਪਣੇ ਜ਼ੋਖਮ ਬਾਰੇ ਕੋਈ ਵੀ ਨਤੀਜਾ ਨਾ ਪ੍ਰਾਪਤ ਕਰਨ ਦੀ ਚੋਣ ਵੀ ਕਰ ਸਕਦੇ ਹੋ (ਦੇਖੋ Q17)।

**20. ਕੀ ਭਾਗ ਲੈਣ ਲਈ ਮੈਨੂੰ ਆਪਣੀ ਦਵਾਈ ਜਾਂ ਖ਼ੁਰਾਕ ਬਦਲਣੀ ਪਵੇਗੀ?**

ਨਹੀਂ। ਇਸ ਪੂਰੇ ਖੋਜ-ਅਧਿਐਨ ਦੌਰਾਨ ਤੁਹਾਨੂੰ ਜੀਵਨਸ਼ੈਲੀ, ਖ਼ੁਰਾਕ ਜਾਂ ਇਲਾਜ ਦੀਆਂ ਕਿਸਮਾਂ ਬਾਰੇ ਕੋਈ ਪਾਬੰਦੀਆਂ ਨਹੀਂ ਹਨ।

ਤੁਸੀਂ ਆਪਣੀਆਂ ਆਮ ਦਵਾਈਆਂ ਲੈਣਾ ਜਾਰੀ ਰੱਖ ਸਕਦੇ ਹੋ।

ਤੁਹਾਨੂੰ ਇਸ ਖੋਜ-ਅਧਿਐਨ ਦੇ ਹਿੱਸੇ ਵਜੋਂ ਕੋਈ ਨਵੀਂ ਦਵਾਈ ਲੈਣ ਲਈ ਨਹੀਂ ਕਿਹਾ ਜਾਵੇਗਾ, ਅਤੇ ਇਸ ਖੋਜ-ਅਧਿਐਨ ਵਿੱਚ ਭਾਗ ਲੈਣ ਲਈ ਤੁਹਾਨੂੰ ਆਪਣੀ ਖ਼ੁਰਾਕ ਬਦਲਣ ਲਈ ਨਹੀਂ ਕਿਹਾ ਜਾਵੇਗਾ।

**21. ਜੇਕਰ ਮੇਰੇ ਕੋਲ ਕੰਪਿਊਟਰ ਜਾਂ ਸਮਾਰਟ ਡਿਵਾਈਸ ਤੱਕ ਪਹੁੰਚ ਨਹੀਂ ਹੈ ਤਾਂ ਵੀ ਕੀ ਮੈਂ ਇਸ ਖੋਜ-ਅਧਿਐਨ ਵਿੱਚ ਹਿੱਸਾ ਲੈ**

**ਸਕਦਾ/ਦੀ ਹਾਂ?**

ਹਾਂ।

ਅਸੀਂ ਇੱਕ ਸਿਖਲਾਈ ਪ੍ਰਾਪਤ ਖੋਜ ਅਧਿਕਾਰੀ ਨੂੰ ਕਿਸੇ ਸਹਿਮਤ ਸਮੇਂ 'ਤੇ ਤੁਹਾਡੇ ਨਾਲ ਟੈਲੀਫ਼ੋਨ ਰਾਹੀਂ ਸਰਵੇਖਣ ਕਰਵਾਉਣ ਦਾ ਪ੍ਰਬੰਧ ਕਰਕੇ ਤੁਹਾਡੀ ਮੱਦਦ ਕਰ ਸਕਦੇ ਹਾਂ।

ਜੇਕਰ ਅਜਿਹਾ ਕਰਨਾ ਢੁੱਕਵਾਂ ਨਹੀਂ ਹੈ, ਤਾਂ ਅਸੀਂ ਤੁਹਾਨੂੰ ਘਰ ਵਿੱਚ ਭਰਨ ਲਈ ਇਸ ਸਰਵੇਖਣ ਦੀ ਇੱਕ ਕਾਗਜ਼ੀ ਕਾਪੀ ਪ੍ਰਦਾਨ ਕਰ ਸਕਦੇ ਹਾਂ ਜਿਸਨੂੰ ਤੁਸੀਂ ਆਪਣੀ ਸਹੂਲਤ ਅਨੁਸਾਰ ਜਲਦੀ ਤੋਂ ਜਲਦੀ ਡਾਕ ਰਾਹੀਂ ਵਾਪਸ ਭੇਜ ਸਕਦੇ ਹੋ।

**22. ਕੀ ਮੈਂ SAGHA ਖੋਜ-ਅਧਿਐਨ ਵਿੱਚ ਭਾਗ ਲੈਣਾ ਬੰਦ ਕਰ ਸਕਦਾ/ਦੀ ਹਾਂ?**

ਹਾਂ।

ਤੁਸੀਂ ਕਿਸੇ ਵੀ ਸਮੇਂ SAGHA ਖੋਜ-ਅਧਿਐਨ ਵਿੱਚ ਭਾਗ ਲੈਣਾ ਬੰਦ ਕਰ ਸਕਦੇ ਹੋ।

ਕਿਸੇ ਵੀ ਸਮੇਂ ਇਸ ਖੋਜ-ਅਧਿਐਨ ਤੋਂ ਹਟਣਾ ਤੁਹਾਡੀ ਪ੍ਰਾਇਮਰੀ ਕੇਅਰ, ਇਸ ਖੋਜ ਟੀਮ ਨਾਲ, ਜਾਂ ਕੁਈਨਜ਼ਲੈਂਡ ਯੂਨੀਵਰਸਿਟੀ ਨਾਲ ਤੁਹਾਡੇ ਸੰਬੰਧਾਂ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰੇਗਾ।

**23. ਕੀ ਮੇਰੇ ਨਮੂਨੇ ਨੂੰ ਕਲੋਨ ਕੀਤਾ ਜਾਵੇਗਾ?**

ਨਹੀਂ। ਤੁਹਾਡੀ DNA ਸਮੱਗਰੀ ਉੱਤੇ ਕਿਸੇ ਵੀ ਕਿਸਮ ਦੀ ਕਲੋਨਿੰਗ ਜਾਂ ਜੈਨੇਟਿਕ ਇੰਜਨੀਅਰਿੰਗ ਕਰਨਾ ਨਾ ਸਿਰਫ਼ ਅਸੰਭਵ ਹੈ, ਬਲਕਿ ਤੁਹਾਡੇ DNA ਨੂੰ ਕਿਸੇ ਵੀ ਗ਼ਲਤ ਤਰੀਕੇ ਨਾਲ ਨਹੀਂ ਵਰਤਿਆ ਜਾਵੇਗਾ।

**24. ਮੇਰੇ ਸਵਾਲ ਦਾ ਜਵਾਬ ਇੱਥੇ ਨਹੀਂ ਦਿੱਤਾ ਗਿਆ ਹੈ, ਮੈਂ ਹੋਰ ਜਾਣਕਾਰੀ ਲਈ ਕਿਸ ਨਾਲ ਸੰਪਰਕ ਕਰ ਸਕਦਾ/ਦੀ ਹਾਂ?**

ਕਿਰਪਾ ਕਰਕੇ ਖੋਜ ਟੀਮ ਨੂੰ sagha@uq.edu.au 'ਤੇ ਈਮੇਲ ਕਰਨ ਲਈ ਝਿਜਕ ਨਾ ਮਹਿਸੂਸ ਕਰੋ।

ਜੇਕਰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਆਪਣੇ ਸੰਪਰਕ ਵੇਰਵਿਆਂ ਨੂੰ ਈਮੇਲ ਕਰੋ ਅਤੇ ਸਾਡੀ ਟੀਮ ਦਾ ਇੱਕ ਮੈਂਬਰ ਤੁਹਾਡੇ ਨਾਲ ਸੰਪਰਕ ਕਰੇਗਾ।